ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ,ਪੰਜਾਬ।
(ਈ-2,ਸਾਖਾ)

ਵੱਲ,

1. ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਹਤ ਸੇਵਾਵਾਂ (ਸ.ਬ.) ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
4. ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਜਲੰਧਰ।
5. ਸਮੂਹ ਸਿਵਲ ਸਰਜਨ, ਪੰਜਾਬ ਰਾਜ।
6. ਮੈਡੀਕਲ ਸੁਪਰਡੈਂਟ, ਸਿਵਲ ਹਸਪਤਾਲ ਜਲੰਧਰ/ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ/ ਈ.ਐਸ.ਆਈ. ਹਸਪਤਾਲ, ਲੁਧਿਆਣਾ/ ਅੰਮ੍ਰਿਤਸਰ/ ਜਲੰਧਰ।
7. ਪ੍ਰਿੰਸੀਪਲ ਮੈਡੀਕਲ ਅਫਸਰ ਇੰਚ: ਬੀ.ਬੀ.ਐਮ.ਬੀ. ਹਸਪਤਾਲ, ਨੰਗਲ, ਤਲਵਾੜਾ, ਸੁੰਦਰ ਨਗਰ।

ਨੰ: ਈ2(2)ਪੰ:16/
ਮਿਤੀ.ਚੰਡੀਗੜ;

ਵਿਸ਼ਾ:- ਸਾਲ 1991 ਅਤੇ 1992 ਦੌਰਾਨ ਸ਼ਾਰਟ ਟਰਮ/ਐਡਹਾਕ ਦੇ ਅਧਾਰ ਤੇ ਰੈਗੂਲਰ ਹੋਏ, **ਮੈਡੀਕਲ ਅਫਸਰਾਂ ਦੀ ਸੀਨੀਆਰਤਾ ਸੂਚੀ ਵਿੱਚ ਨਾਮ ਦਰਜ ਕਰਨ ਸਬੰਧੀ ਇਤਰਾਜ ਮੰਗਣ ਬਾਰੇ।**

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਡਾ: ਚੇਤਨ ਦਾਸ, ਮੈਡੀਕਲ ਅਫਸਰ ਹੁਣ ਸਹਾਇਕ ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੇ ਬੇਨਤੀ ਕੀਤੀ ਹੈ ਕਿ ਉਸ ਦਾ ਨਾਮ ਸੀਨੀਆਰਤਾ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇ ਕਿਉਂਕਿ ਉਸਦੀਆਂ ਸੇਵਾਵਾਂ ਸਰਕਾਰ ਦੇ ਮੀਮੋ ਨੰ: 1/8/08-1ਸਿ1/6621 ਮਿਤੀ 24.07.2009 ਰਾਹੀਂ 4 ਸਾਲ ਦੀ ਸ਼ਾਰਟ ਟਰਮ ਸੇਵਾ ਪੂਰੀ ਹੋਣ ਉਪਰੰਤ ਮਿਤੀ 02.02.1991 ਤੋਂ ਰੈਗੂਲਰ ਕੀਤੀਆਂ ਗਈਆਂ ਹਨ।

ਡਾ: ਚੇਤਨ ਦਾਸ, ਮੈਡੀਕਲ ਅਫਸਰ ਨੇ ਮਿਤੀ 15.09.1999 ਤੋਂ ਰੈਗੂਲਰ ਸੇਵਾ ਸ਼ੁਰੂ ਕੀਤੀ ਸੀ ਅਤੇ ਡਾਕਟਰ ਦੀਆਂ ਸੇਵਾਵਾਂ 4 ਸਾਲਾਂ ਸ਼ਾਰਟ ਟਰਮ ਸੇਵਾ ਪੂਰੀ ਹੋਣ ਉਪਰੰਤ ਸਰਕਾਰ ਦੇ ਉਪਰੋਕਤ ਮੀਮੋ ਮਿਤੀ 24.07.2009 ਰਾਹੀਂ ਮਿਤੀ 02.02.1991 ਤੋਂ ਰੈਗੂਲਰ ਕੀਤੀਆਂ ਗਈਆਂ ਹਨ।

ਡਾਕਟਰ ਦੀਆਂ ਸੇਵਾਵਾਂ ਮਿਤੀ 02.02.1991 ਤੋਂ ਰੈਗੂਲਰ ਹੋਣ ਉਪਰੰਤ ਉਸ ਦਾ ਨਾਮ ਇਸ ਦਫਤਰ ਦੇ ਪੱਤਰ ਨੰ: ਈ2(2)ਪੰ:15/7042-7082 ਮਿਤੀ 24.11.2015 ਰਾਹੀਂ ਮੈਡੀਕਲ ਅਫਸਰਾਂ ਦੀ ਜਾਰੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 2 ਤੇ ਦਰਜ਼ ਡਾਕਟਰ ਲਵਲੀਨ ਗਰਗ ਪੁੱਤਰ ਸ਼੍ਰੀ ਹੇਮ ਰਾਜ, ਹਾਜ਼ਰ ਹੋਣ ਦੀ ਮਿਤੀ 30.01.1991, ਸੀਨੀਆਰਤਾ ਨੰ: 5655 ਤੋਂ ਹੇਠਾਂ ਅਤੇ ਲੜੀ ਨੰ: 3 ਤੇ ਦਰਜ ਡਾ: ਰਾਮ ਸ਼ਰਨ ਭਾਟੀਆ ਪੁੱਤਰ ਸ਼੍ਰੀ ਮਲਕੀਤ ਦਾਸ, ਹਾਜ਼ਰ ਹੋਣ ਦੀ ਮਿਤੀ 06.05.1991, ਸੀਨੀਆਰਤਾ ਨੰ: 5656 ਤੋਂ ਉਪਰ ਸੀਨੀਆਰਤਾ ਨੰ: 5655-ਏ ਤੇ ਦਰਜ਼ ਕਰਨ ਦੀ ਤਜਵੀਜ਼ ਹੈ।

ਉਪਰੋਕਤ ਤਜਵੀਜ਼ ਕੀਤੀ ਸੀਨੀਆਰਤਾ ਵਿਰੁੱਧ ਜੇਕਰ ਕਿਸੇ ਮੈਡੀਕਲ ਅਫਸਰ ਨੂੰ ਇਤਰਾਜ ਹੋਵੇ ਤਾਂ ਉਹ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਯੋਗ ਪ੍ਰਣਾਲੀ ਰਾਹੀਂ ਸਬੂਤਾਂ ਸਮੇਤ ਭੇਜ਼ ਸਕਦਾ ਹੈ। ਜੇਕਰ ਨਿਸ਼ਚਿਤ ਮਿਤੀ ਤੱਕ ਕਿਸੇ ਮੈਡੀਕਲ ਅਫਸਰ ਤੋਂ ਇਸ ਸਬੰਧੀ ਕੋਈ ਇਤਰਾਜ਼ ਪ੍ਰਾਪਤ ਨਾ ਹੋਇਆ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਪਰੋਕਤ ਤਜਵੀਜ਼ ਕੀਤੀ ਸੀਨੀਆਰਤਾ ਵਿਰੁੱਧ ਕਿਸੇ ਨੂੰ ਕੋਈ ਇਤਰਾਜ ਨਹੀਂ ਹੈ ਅਤੇ ਨਿਯਮਾਂ ਅਨੁਸਾਰ ਇਸ ਸੀਨੀਆਰਤਾ ਸੂਚੀ ਨੂੰ ਫਾਈਨਲ ਰੂਪ ਦੇ ਦਿੱਤਾ ਜਾਵੇਗਾ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿੱਠ ਅੰਕਣ ਨੰ:ਈ2(2)ਪੰ:16/ 5192-93 ਮਿਤੀ.ਚੰਡੀਗੜ; 26/8/16

ਉਤਾਰਾ:

1. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1, ਸ਼ਾਖਾ) ਚੰਡੀਗੜ ਨੂੰ ਸਰਕਾਰ ਦੇ ਮੀਮੋ ਨੰ: 1/8/08-1ਸਿ1/6621 ਮਿਤੀ 24.07.2009 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸੈਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅੱਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ
26/8/16